ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. 02/07/2020/ਐਸ-1/35 ਮਿਤੀ: 09/04/2020

**ਹੁਕਮ**

ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਕੋਵਿਡ-19 ਮਹਾਮਾਰੀ ਦੀ ਲਾਗ ਕਾਰਨ ਚਿੰਤਤ ਹੈ ਜਿਸ ਨੂੰ ਵਿਸ਼ਵ ਸਿਹਤ ਸੰਗਠਨ ਵੱਲੋਂ ਪਹਿਲਾਂ ਹੀ ਆਲਮੀ ਮਹਾਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਖੇ ਇਸ ਲਾਗ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ

ਅਤੇ ਜਦੋਂ ਕਿ ਭਾਰਤ ਸਰਕਾਰ ਨੇ 'ਕੋਵਿਡ-19' ਦੇ ਖਤਰੇ ਨੂੰ ਰੋਕਣ ਲਈ 25 ਮਾਰਚ, 2020 ਤੋਂ 14 ਅਪ੍ਰੈਲ, 2020 ਅੱਧੀ ਰਾਤ ਤਕ ਪੂਰੇ ਭਾਰਤ ਵਿਖੇ ਤਾਲਾਬੰਦੀ ਨੂੰ ਅਧਿਸੂਚਿਤ ਕੀਤਾ ਹੈ, ਜਿਸ ਵਿਚ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਦਾ ਖੇਤਰ ਸ਼ਾਮਿਲ ਹੈ।

ਅਤੇ ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਸਥਿਤੀ ਨਾਲ ਨਜਿੱਠਣ ਲਈ ਸਾਰੇ ਜ਼ਰੂਰੀ ਉਪਾਅ ਕਰਨ ਲਈ ਸਮੇਂ-ਸਮੇਂ 'ਤੇ ਸਾਰੇ ਅਧਿਕਾਰੀਆਂ ਨੂੰ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ;

ਅਤੇ ਜਦੋਂ ਕਿ, ਦਿੱਲੀ ਵਿਖੇ ਕੋਵਿਡ-19 ਮਹਾਮਾਰੀ ਦੇ ਫੈਲਣ ਕਾਰਨ; ਇਸ ਛੂਤਕਾਰੀ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਲੱਛਣਾਂ ਵਾਲੇ ਵਿਅਕਤੀਆਂ ਵਾਲੇ ਖੇਤਰਾਂ ਦੀ ਨਿਯਮਿਤ ਸੈਨੀਟਾਈਜ਼ੇਸ਼ਨ ਬਹੁਤ ਮਹੱਤਵਪੂਰਨ ਹੈ।

ਅਤੇ ਜਦੋਂ ਕਿ, ਯਾਤਰਾ ਦਾ ਇਤਿਹਾਸ ਰੱਖਣ ਵਾਲੇ ਬਹੁਤ ਸਾਰੇ ਸਪਰਸ਼ਮੁਖ ਵਿਅਕਤੀਆਂ ਅਤੇ ਉਹ ਲੋਕ ਜੋ ਕੋਵਿਡ-19 ਬਿਮਾਰੀ ਦੀ ਲਾਗ ਵਾਲੇ ਵਿਅਕਤੀਆਂ ਦੇ ਸੰਪਰਕ ਵਿਚ ਆਏ ਹਨ ਨੂੰ ਸਰਕਾਰ ਦੁਆਰਾ ਸਥਾਪਤ ਕੀਤੇ ਇਕਾਂਤਵਾਸ ਕੇਂਦਰਾਂ ਵਿਚ ਅਲੱਗ ਕੀਤਾ ਗਿਆ ਹੈ ਜਾਂ ਉਨ੍ਹਾਂ ਨੂੰ ਆਪਣੇ ਘਰਾਂ 'ਚ ਅਲੱਗ-ਅਲੱਗ ਰਹਿਣ ਲਈ ਕਿਹਾ ਗਿਆ ਹੈ; ਉਨ੍ਹਾਂ ਦੇ ਆਸ ਪਾਸ ਦੇ ਇਲਾਕਿਆਂ ਨੂੰ ਨਿਯਮਤ ਤੌਰ 'ਤੇ ਰੋਗਾਣੂ-ਰਹਿਤ ਕਰਨਾ ਵੀ ਸਮੇਂ ਦੀ ਲੋੜ ਹੈ।

ਅਤੇ ਜਦੋਂ ਕਿ, ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਨੇ ਮਿਤੀ 02/04/2020 ਦੇ ਪੱਤਰ ਸੰਖਿਆ 52/ਡੀ.ਜੀ.ਐਚ.ਐਸ./ਪੀ.ਐਚ.-ਜਡ/ਕੋਵਿਡ/2020/ ਪ੍ਰ.ਸ.ਸਿ.ਅਤੇ.ਪ.ਕ./3803-32 ਰਾਹੀਂ ਪੁਲਿਸ ਕਮਿਸ਼ਨਰ, ਦਿੱਲੀ ਨੂੰ ਹਸਪਤਾਲਾਂ ਅਤੇ ਇਕਾਂਤਵਾਸ ਕੇਂਦਰਾਂ 'ਤੇ ਕੋਈ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਤੇ ਕਾਨੂੰਨ ਪ੍ਰਬੰਧ ਬਣਾਏ ਰੱਖਣ ਲਈ ਲੋੜੀਂਦੀ ਪੁਲਿਸ ਫੋਰਸ ਨੂੰ ਤੈਨਾਤ ਕਰਨ ਲਈ ਕਿਹਾ ਹੈ ਤਾਂਕਿ ਕੋਵਿਡ ਪ੍ਰਭਾਵਿਤ ਵਿਅਕਤੀ ਲਾਗ ਨੂੰ ਅੱਗੇ ਫੈਲਣ ਤੋਂ ਬਚਣ ਲਈ ਨਿਰਧਾਰਿਤ ਪ੍ਰੋਟੋਕੋਲ ਦੇ ਅਨੁਸਾਰ ਨਿਰਧਾਰਿਤ ਸਮੇਂ ਲਈ ਇਕਾਂਤਵਾਸ/ਕੁਆਰਨਟੀਨ ਵਿਚ ਰਹਿਣ।

ਹੁਣ, ਇਸ ਲਈ, ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਜ ਕਾਰਜਕਾਰੀ ਕਮੇਟੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਚੇਅਰਪਰਸਨ

ਵਜੋਂ ਨਿਮਨ ਹਸਤਾਖਰੀ ਨੇ ਸਾਰੇ ਸਲੱਮ, ਜੇ.ਜੇ. ਕਲਸਟਰ, ਹੌਟਸਪੌਟ, ਕਮਜ਼ੋਰ ਖੇਤਰ ਆਦਿ ਦੇ ਨਾਲ-ਨਾਲ ਸੰਬੰਧਿਤ ਜ਼ਿਲ੍ਹਾ ਮੈਜਿਸਟ੍ਰੇਟਾਂ ਵੱਲੋਂ ਸਥਾਪਿਤ/ਅਧਿਸੂਚਿਤ ਕੁਆਰੰਟੀਨ ਕੇਂਦਰਾਂ/ ਇਕੱਲਤਾ ਜ਼ੋਨਾਂ/ ਕੰਟੋਨਮੈਂਟ ਜ਼ੋਨਾਂ ਵਿਚ ਅਤੇ ਉਨ੍ਹਾਂ ਦੇ ਆਸ-ਪਾਸ ਦੇ ਖੇਤਰ ਨੂੰ ਨਿਯਮਿਤ ਤੌਰ 'ਤੇ ਰੋਗਾਣੂ-ਰਹਿਤ 'ਤੇ ਸੈਨੀਟਾਈਜ਼ੇਸ਼ਨ ਲਈ ਵਿਆਪਕ ਅਤੇ ਜ਼ੋਰਦਾਰ ਕੰਮ ਕਰਨ ਲਈ ਚੇਅਰਪਰਸਨ (ਐਨ.ਡੀ.ਐਮ.ਸੀ.), ਕਮਿਸ਼ਨਰ (ਦੱਖਣ ਡੀ.ਐਮ.ਸੀ/ ਪੂਰਵੀ ਡੀ.ਐਮ.ਸੀ./ ਉੱਤਰੀ ਡੀ.ਐਮ.ਸੀ) ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਦਿੱਲੀ ਕੰਟੋਨਮੈਂਟ ਬੋਰਡ ਨੂੰ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ, ਦਿੱਲੀ ਫਾਇਰ ਸਰਵਿਸ ਸੰਬੰਧਿਤ ਜ਼ਿਲ੍ਹਾ ਮੈਜਿਸਟ੍ਰੇਟਾਂ ਵੱਲੋਂ ਨਿਰਦੇਸ਼ਤ ਖੇਤਰਾਂ ਨੂੰ ਵੀ ਸੈਨੀਟਾਈਜ਼/ ਕੀਟਾਣੂ-ਰਹਿਤ ਕਰੇਗੀ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਸੇਵਾ ਵਿਖੇ,

1. ਚੇਅਰਪਰਸਨ (ਐਨ.ਡੀ.ਐਮ.ਸੀ.)
2. ਕਮਿਸ਼ਨਰ (ਦੱਖਣ ਡੀ.ਐਮ.ਸੀ./ਪੂਰਵੀ ਡੀ.ਐਮ.ਸੀ./ ਉੱਤਰੀ ਡੀ.ਐਮ.ਸੀ)।
3. ਮੁੱਖ ਕਾਰਜਕਾਰੀ ਅਧਿਕਾਰੀ, ਦਿੱਲੀ ਕੰਟੋਨਮੈਂਟ ਬੋਰਡ
4. ਸਾਰੇ ਜ਼ਿਲ੍ਹਾ ਮਜਿਸਟ੍ਰੇਟ, ਦਿੱਲੀ।
5. ਨਿਦੇਸ਼ਕ, ਦਿੱਲੀ ਫਾਇਰ ਸਰਵਿਸ

ਜਾਣਕਾਰੀ ਲਈ ਨਕਲ:

1. ਮਾਨਯੋਗ ਲੈਫਟੀਨੈਂਟ ਗਵਰਨਰ, ਦਿੱਲੀ ਦੇ ਪ੍ਰਮੁੱਖ ਸਕੱਤਰ।
2. ਮਾਣਯੋਗ ਮੁੱਖਮੰਤਰੀ, ਦਿੱਲੀ ਦੇ ਵਧੀਕ ਸਕੱਤਰ।
3. ਮਾਣਯੋਗ ਉਪ-ਮੁੱਖਮੰਤਰੀ/ ਵਿੱਤ ਮੰਤਰੀ, ਦਿੱਲੀ ਦੇ ਸਕੱਤਰ।
4. ਵਧੀਕ ਮੁੱਖ ਸਕੱਤਰ (ਗ੍ਰਹਿ), ਦਿੱਲੀ।
5. ਪੁਲਿਸ ਕਮਿਸ਼ਨਰ, ਦਿੱਲੀ।
6. ਪ੍ਰਮੁੱਖ ਸਕੱਤਰ, (ਰੇਵੇਨਿਯੂ)-ਅਤੇ-ਡਵੀਜ਼ਨਲ ਕਮਿਸ਼ਨਰ, ਦਿੱਲੀ।
7. ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਦਿੱਲੀ।
8. ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਨੂੰ ਵਿਆਪਕ ਪ੍ਰਚਾਰ ਲਈ।

9. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।